# ਪੰਜਾਬ ਸਕੂਲ ਸਿੱਖਿਆ ਬੋਰਡ

## ਵਿਨਿਯਮ ਅਤੇ ਹਦਾਇਤਾਂ

## Rechecking

ਉੱਤਰ-ਪੱਤਰੀਆਂ ਦੀ ਰੀ-ਚੈਕਿੰਗ ਨਾਲ ਸਬੰਧਤ ਵਿਨਿਯਮ ਅਤੇ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਬੋਰਡ ਵੱਲੋਂ ਨਤੀਜਾ ਐਲਾਨੇ ਜਾਣ ਤੋਂ ਬਾਅਦ ਰੀ-ਚੈਕਿੰਗ ਦੇ ਸ਼ਡਿਊਲ ਅਨੁਸਾਰ ਫਾਰਮ/ਫੀਸ ਆਨ-ਲਾਈਨ ਹੀ ਜਮ੍ਹਾਂ ਕਰਵਾਈ ਜਾਵੇ। ਇਸ ਉਪਰੰਤ ਰੀਚੈਕਿੰਗ ਫਾਰਮ/ਫੀਸ ਦਾ ਪ੍ਰਿੰਟ ਪ੍ਰੀਖਿਆਰਥੀ ਆਪਣੇ ਕੋਲ ਰੱਖ ਸਕਦੇ ਹਨ।

2. ਰੀਚੈਕਿੰਗ ਕਰਦੇ ਸਮੇਂ ਹੇਠ ਲਿਖੀਆਂ ਗੱਲਾ ਦਾ ਧਿਆਨ ਰੱਖਿਆ ਜਾਂਦਾ ਹੈ:-

- ਕੀ ਉੱਤਰ-ਪੱਤਰੀਆਂ ਦਾ ਕਲਿੱਪ ਠੀਕ ਲੱਗਾ ਹੈ, ਭਾਵ ਉਸ ਵਿੱਚੋਂ ਕੋਈ ਪੰਨਾ ਨਿਕਲਿਆ, ਫਟਿਆ ਜਾ ਬਦਲਿਆ ਤਾਂ ਨਹੀਂ ਅਤੇ ਉੱਤਰ-ਪੱਤਰੀ ਦੇ ਪੰਨਿਆ ਦੀ ਗਿਣਤੀ ਪੂਰੀ ਹੈ।
- ਕੀ ਉੱਤਰ-ਪੱਤਰੀ ਦੀ ਹੱਥ ਲਿਖਤ ਪਰੀਖਿਆਰਥੀ ਦੀ ਬਿਨੈ ਪੱਤਰ ਵਿੱਚ ਦਰਜ ਲਿਖਤ ਨਮੂਨੇ ਨਾਲ ਮੇਲ ਖਾਂਦੀ ਹੈ।
- ਕੀ ਉੱਤਰ ਪੱਤਰੀ ਤੇ ਦਰਜ ਸਾਰੇ ਪ੍ਰਸ਼ਨ-ਉੱਤਰ ਪਰੀਖਿਅਕ ਵੱਲੋਂ ਮਾਰਕ ਕੀਤੇ ਗਏ ਹਨ।
- ਕੀ ਉੱਤਰ-ਪੱਤਰੀ ਤੇ ਦਰਜ ਸਾਰੇ ਪ੍ਰਸ਼ਨਾਂ ਲਈ ਦਿੱਤੇ ਅੰਕਾਂ ਦਾ ਕੁੱਲ ਜੋੜ, ਉੱਤਰ-ਪੱਤਰੀ ਦੇ ਮੁੱਢਲੇ (Title) ਪੰਨੇ ਤੇ ਠੀਕ ਲਿਖਿਆ ਹੈ।

3. ਰੀ-ਚੈਕਿੰਗ ਦੀ ਫੀਸ 300/-ਰੁਪਏ ਪ੍ਰਤੀ ਉੱਤਰ-ਪੱਤਰੀ ਹੈ।

4. ਪਰੀਖਿਆਰਥੀ ਨੂੰ ਉੱਤਰ-ਪੱਤਰੀਆਂ ਵੇਖਣ/ਫੋਟ ਸਟੇਟ ਦੀ ਮੰਗ ਤੇ ਪ੍ਰੋਸੈਸਿੰਗ ਫੀਸ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਰੀ-ਚੈਕਿੰਗ ਫੀਸ | 300/-ਰੁਪਏ ਪ੍ਰਤੀ ਉੱਤਰ ਪੱਤਰੀ |
| ਉੱਤਰ-ਪੱਤਰੀ/ ਫੋਟੋ ਕਾਪੀ ਪ੍ਰਾਪਤ ਕਰਨ ਦੀ ਪ੍ਰੋਸੈਸਿੰਗ ਫੀਸ | 300/-ਰੁਪਏ |
| ਫੋਟੋ ਕਾਪੀ ਪ੍ਰਾਪਤ ਕਰਨ ਦੀ ਫੀਸ | 2/-ਰੁਪਏ ਪ੍ਰਤੀ ਪੰਨਾ |

5. ਪ੍ਰੋਸੈਸਿੰਗ ਫੀਸ ਭਰਨ ਤੇ ਵਿਦਿਆਰਥੀ ਨੂੰ ਉੱਤਰ-ਪੱਤਰੀ ਨਹੀਂ ਦਿਖਾਈ ਜਾਵੇਗੀ। ਉੱਤਰ-ਪੱਤਰੀ/ ਫੋਟੋ ਕਾਪੀ ਪ੍ਰਾਪਤ ਕਰਨ ਦੀ ਪ੍ਰੋਸੈਸਿੰਗ ਫੀਸ (ਦੋਨਾ ਦੀ ਫੀਸ) ਭਰਨ ਤੇ ਉੱਤਰ-ਪੱਤਰੀ ਕੇਵਲ ਪਰੀਖਿਆਰਥੀ ਨੂੰ ਹੀ ਵਿਖਾਈ ਜਾਵੇਗੀ। ਜੇਕਰ ਰੀਚੈਕਿੰਗ ਉਪਰੰਤ ਉੱਤਰ-ਪੱਤਰੀ ਦੀ ਫੋਟੋ ਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾ ਦਿੱਤੇ ਨਿਰਧਾਰਿਤ ਮਿਤੀਆਂ/ਸ਼ਡਿਊਲ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।

6. ਇਸ ਬਿਨੈ-ਪੱਤਰ ਨਾਲ ਅਸਲ ਨਤੀਜਾ ਕਾਰਡ ਨਾ ਭੇਜਿਆ ਜਾਵੇ। ਕੇਵਲ ਫੋਟੋ ਸਟੇਟ ਕਾਪੀ ਹੀ ਨਾਲ ਨੱਥੀ ਕੀਤੀ ਜਾਵੇ। ਅਸਲ ਨਤੀਜਾ ਕਾਰਡ ਦਫਤਰ ਵੱਲੋਂ ਮੰਗ ਕਰਨ ਤੇ ਹੀ ਭੇਜਿਆ ਜਾਵੇ।

7. ਰੀਚੈਕਿੰਗ ਲਈ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਬਾਅਦ 30 ਦਿਨਾ ਦੇ ਅੰਦਰ-2 ਰੀਚੈਕਿੰਗ ਦਾ ਨਤੀਜਾ ਬੋਰਡ ਦੀ ਵੈੱਬ-ਸਾਈਟ ਤੇ ਦੇਖਿਆ ਜਾ ਸਕਦਾ ਹੈ।

**ਦਸਵੀਂ ਅਤੇ ਬਾਰ੍ਹਵੀਂ**

- ਰੀ-ਚੈਕਿੰਗ ਦਾ ਫਾਰਮ ਭਰਨ ਦੀ ਸ਼ੁਰੂਆਤੀ ਮਿਤੀ : 24-7-2020
- ਰੀ-ਚੈਕਿੰਗ ਦਾ ਫਾਰਮ ਭਰਨ ਦੀ ਆਖਰੀ ਮਿਤੀ : 07-8-2020